ਮਿੱਠੇ ਬੱਚੇ:- " ਮਿੱਠੇ ਬੱਚੇ ਬਾਪ ਤੋਂ ਕਰੇਂਟ ਲੈਣੀ ਹੈ ਤਾਂ ਸਰਵਿਸ ਵਿੱਚ ਲੱਗੇ ਰਹੋ , ਜੋ ਬੱਚੇ ਸਭ ਕੁਝ ਤਿਆਗ ਬਾਪ ਦੀ ਸਰਵਿਸ ਵਿਚ ਰਹਿੰਦੇ ਹਨ ਉਹ ਹੀ ਪਿਆਰੇ ਲੱਗਦੇ ਹਨ , ਦਿਲ ਤੇ ਚੜ੍ਹਦੇ ਹਨ "

ਪ੍ਰਸ਼ਨ:- ਬੱਚਿਆਂ ਨੂੰ ਸਥਾਈ ਖੁਸ਼ੀ ਕਿਉਂ ਨਹੀਂ ਰਹਿੰਦੀ, ਮੁੱਖ ਕਾਰਣ ਕੀ ਹੈ?

ਉੱਤਰ:- ਯਾਦ ਦੇ ਸਮੇਂ ਬੁੱਧੀ ਭਟਕਦੀ ਹੈ, ਸਥਿਰ ਬੁੱਧੀ ਨਾ ਹੋਣ ਕਾਰਣ ਖੁਸ਼ੀ ਨਹੀਂ ਰਹਿ ਸਕਦੀ। ਮਾਇਆ ਦੇ ਤੂਫ਼ਾਨ ਦੀਪਕਾਂ ਨੂੰ ਹੈਰਾਨ ਕਰ ਦਿੰਦੇ ਹਨ। ਜਦ ਤੱਕ ਕਰਮ, ਅਕਰਮ ਨਹੀਂ ਬਣਦੇ ਤਦ ਤੱਕ ਖੁਸ਼ੀ ਸਥਾਈ ਨਹੀਂ ਰਹਿ ਸਕਦੀ ਹੈ ਇਸਲਈ ਬੱਚਿਆਂ ਨੂੰ ਇਹ ਹੀ ਮਿਹਨਤ ਕਰਨੀ ਹੈ।

ਓਮ ਸ਼ਾਂਤੀ। ਜਦੋਂ ਓਮ ਸ਼ਾਂਤੀ ਕਹਿੰਦੇ ਹਾਂ ਤਾਂ ਬਹੁਤ ਉਤਸਾਹ ਨਾਲ ਕਹਿੰਦੇ ਹਾਂ ਅਸੀਂ ਆਤਮਾ ਸ਼ਾਂਤ ਸਵਰੂਪ ਹਾਂ। ਅਰਥ ਕਿੰਨਾ ਸਹਿਜ ਹੈ। ਬਾਪ ਵੀ ਕਹਿਣਗੇ ਓਮ ਸ਼ਾਂਤੀ। ਦਾਦਾ ਵੀ ਕਹਿਣਗੇ ਓਮ ਸ਼ਾਂਤੀ। ਉਹ ਕਹਿੰਦੇ ਹਨ ਮੈਂ ਪਰਮਾਤਮਾ ਹਾਂ, ਇਹ ਕਹਿੰਦੇ ਹਨ ਮੈਂ ਆਤਮਾ ਹਾਂ। ਤੁਸੀਂ ਸਾਰੇ ਸਿਤਾਰੇ ਹੋ। ਸਾਰੇ ਸਿਤਾਰਿਆਂ ਦਾ ਬਾਪ ਵੀ ਚਾਹੀਦਾ ਹੈ ਨਾ। ਗਾਇਆ ਜਾਂਦਾ ਹੈ ਸੂਰਜ, ਚੰਦ ਅਤੇ ਲੱਕੀ ਸਿਤਾਰੇ। ਤੁਸੀਂ ਬੱਚੇ ਹੋ ਬਹੁਤ ਲੱਕੀ ਸਿਤਾਰੇ। ਉਨ੍ਹਾਂ ਵਿੱਚ ਵੀ ਨੰਬਰਵਾਰ ਹਨ। ਜਿਵੇਂ ਰਾਤ ਨੂੰ ਚੰਦਰਮਾ ਨਿਕਲਦਾ ਹੈ ਫਿਰ ਸਿਤਾਰਿਆਂ ਵਿੱਚ ਕੋਈ ਡਿਮ ਹੁੰਦੇ ਹਨ, ਕੋਈ ਬੜੇ ਤਿੱਖੇ ਹੁੰਦੇ ਹਨ। ਕੋਈ ਚੰਦਰਮਾ ਦੇ ਅੱਗੇ ਹੁੰਦੇ ਹਨ। ਸਿਤਾਰੇ ਹਨ ਨਾ। ਤੁਸੀਂ ਵੀ ਗਿਆਨ ਸਿਤਾਰੇ ਹੋ। ਚਮਕਦਾ ਹੈ ਭ੍ਰਕੁਟੀ ਦੇ ਵਿੱਚ ਵੰਡਰਫੁਲ ਸਿਤਾਰਾ। ਬਾਪ ਕਹਿੰਦੇ ਹਨ ਇਹ ਸਿਤਾਰੇ (ਆਤਮਾਵਾਂ) ਬੜੇ ਵੰਡਰਫੁਲ ਹਨ। ਇੱਕ ਤਾਂ ਇੰਨੀ ਛੋਟੀ ਬਿੰਦੀ ਹੈ, ਜਿਸ ਦਾ ਕੋਈ ਪਤਾ ਨਹੀਂ ਹੈ। ਆਤਮਾ ਹੀ ਸ਼ਰੀਰ ਨਾਲ ਪਾਰਟ ਵਜਾਉਂਦੀ ਹੈ। ਇਹ ਬੜਾ ਵੰਡਰ ਹੈ। ਤੇ ਤੁਸੀਂ ਬੱਚਿਆਂ ਵਿੱਚ ਵੀ ਨੰਬਰਵਾਰ ਹਨ। ਕੋਈ ਕਿੱਦਾਂ, ਕੋਈ ਕਿੱਦਾਂ। ਬਾਪ ਉਨ੍ਹਾਂ ਨੂੰ ਬੈਠ ਯਾਦ ਕਰਦੇ ਹਨ ਜੋ ਸਿਤਾਰੇ ਅੱਛੇ ਚਮਕਦੇ ਹਨ, ਜੋ ਬਹੁਤ ਸਰਵਿਸ ਕਰਦੇ ਹਨ, ਉਨ੍ਹਾਂ ਨੂੰ ਕਰੰਟ ਮਿਲਦੀ ਜਾਂਦੀ ਹੈ। ਤੁਹਾਡੀ ਬੈਟਰੀ ਭਰਦੀ ਜਾਂਦੀ ਹੈ। ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣਨ ਦੇ ਲਈ ਸਰਚ ਲਾਈਟ ਮਿਲਦੀ ਹੈ ਨੰਬਰਵਾਰ ਪੁਰਸ਼ਾਰਥ ਅਨੁਸਾਰ। ਬਾਪ ਕਹਿੰਦੇ ਹਨ ਜੋ ਮੇਰੇ ਅਰਥ ਸਭ ਕੁਝ ਤਿਆਗ ਸਰਵਿਸ ਵਿੱਚ ਲੱਗੇ ਰਹਿੰਦੇ ਹਨ, ਉਹ ਬਹੁਤ ਪਿਆਰੇ ਲੱਗਦੇ ਹਨ। ਦਿਲ ਤੇ ਵੀ ਚੜ੍ਹਦੇ ਹਨ। ਬਾਪ ਦਿਲ ਲੈਣ ਵਾਲਾ ਹੈ ਨਾ। ਦਿਲਵਾਲਾ ਮੰਦਿਰ ਵੀ ਹੈ ਨਾ। ਹੁਣ ਦਿਲਵਾਲਾ ਜਾਂ ਦਿਲ ਲੈਣ ਵਾਲਾ ਮੰਦਿਰ। ਕਿਸ ਦੀ ਦਿਲ ਲੈਣ ਵਾਲਾ? ਤੁਸੀਂ ਵੇਖਿਆ ਹੈ ਨਾ। ਪ੍ਰਜਾਪਿਤਾ ਬ੍ਰਹਮਾ ਬੈਠੇ ਹਨ ਨਾ। ਜਰੂਰ ਉਨ੍ਹਾਂ ਵਿੱਚ ਸ਼ਿਵਬਾਬਾ ਦੀ ਪ੍ਰਵੇਸ਼ਤਾ ਹੈ ਅਤੇ ਫਿਰ ਤੁਸੀਂ ਵੇਖਦੇ ਵੀ ਹੋ ਨਾ - ਉੱਪਰ ਵਿਚ ਸਵਰਗ ਦੀ ਸਥਾਪਨਾ ਵੀ ਹੈ, ਥੱਲੇ ਬੱਚੇ ਤਪੱਸਿਆ ਵਿੱਚ ਬੈਠੇ ਹਨ। ਇਹ ਤਾਂ ਛੋਟਾ ਮਾਡਲ ਰੂਪ ਵਿੱਚ ਬਣਾਇਆ ਹੋਇਆ ਹੈ ਅਤੇ ਜੋ ਬਹੁਤ ਵਧੀਆ ਸਰਵਿਸ ਕਰਦੇ ਹਨ ਬਹੁਤ ਮਦਦਗਾਰ ਹਨ। ਮਹਾਂਰਥੀ, ਘੁੜਸਵਾਰ, ਪਿਆਦੇ ਹਨ ਨਾ। ਇਹ ਮੰਦਿਰ ਯਾਦਗਾਰ ਬਹੁਤ ਵਧੀਆ ਅਕੁਰੇਟ ਬਣਿਆ ਹੋਇਆ ਹੈ। ਤੁਸੀ ਕਹੋਗੇ ਇਹ ਸਾਡਾ ਹੀ ਯਾਦਗਾਰ ਹੈ। ਹੁਣ ਤੁਹਾਨੂੰ ਰੋਸ਼ਨੀ ਮਿਲੀ ਹੈ ਹੋਰ ਕੋਈ ਨੂੰ ਵੀ ਗਿਆਨ ਦਾ ਤੀਜਾ ਨੇਤਰ ਨਹੀਂ ਹੈ। ਭਗਤੀ ਮਾਰਗ ਵਿਚ ਤਾਂ ਜੋ ਮਨੁੱਖਾਂ ਨੂੰ ਸੁਣਾਉਂਦੇ ਹਨ, ਸੱਤ - ਸੱਤ ਕਰਦੇ ਜਾਂਦੇ ਹਨ। ਅਸਲ ਵਿਚ ਹੈ ਝੂਠ, ਉਸਨੂੰ ਸੱਤ ਸਮਝਦੇ ਹਨ। ਹੁਣ ਬਾਪ ਜੋ ਟਰੁੱਥ ਹੈ, ਉਹ ਬੈਠ ਕੇ ਤੁਹਾਨੂੰ ਟਰੁੱਥ ਸੁਣਾਉਂਦੇ ਹਨ, ਜਿਸ ਨਾਲ ਤੁਸੀਂ ਵਿਸ਼ਵ ਦੇ ਮਾਲਿਕ ਬਣਦੇ ਹੋ। ਬਾਪ ਤਾ ਕੁਝ ਵੀ ਮਿਹਨਤ ਨਹੀਂ ਕਰਾਉਂਦੇ ਹਨ। ਸਾਰੇ ਝਾੜ ਦਾ ਰਾਜ਼ ਤੁਹਾਡੀ ਬੁੱਧੀ ਵਿਚ ਬੈਠ ਗਿਆ ਹੈ। ਤੁਹਾਨੂੰ ਸਮਝਾਉਂਦੇ ਤਾਂ ਬਹੁਤ ਸਹਿਜ ਹਨ, ਪਰ ਟਾਈਮ ਕਿਓਂ ਲੱਗਦਾ ਹੈ? ਨਾਲੇਜ ਅਤੇ ਵਰਸਾ ਲੈਣ ਵਿੱਚ ਟਾਈਮ ਨਹੀਂ ਲੱਗਦਾ। ਟਾਈਮ ਲੱਗਦਾ ਹੈ ਪਵਿੱਤਰ ਬਣਨ ਵਿੱਚ। ਮੁੱਖ ਹੈ ਯਾਦ ਦੀ ਯਾਤਰਾ। ਇੱਥੇ ਤੁਸੀਂ ਆਉਂਦੇ ਹੋ ਤਾਂ ਇੱਥੇ ਅਟੈਨਸ਼ਨ ਜਿਆਦਾ ਹੁੰਦਾ ਹੈ ਯਾਦ ਦੀ ਯਾਤਰਾ ਵਿੱਚ। ਘਰ ਵਿੱਚ ਜਾਣ ਨਾਲ ਇੰਨਾ ਨਹੀਂ ਰਹਿੰਦਾ। ਇੱਥੇ ਸਭ ਨੰਬਰਵਾਰ ਹਨ। ਕੋਈ ਤੇ ਇੱਥੇ ਬੈਠੇ ਹੋਣਗੇ , ਬੁੱਧੀ ਵਿੱਚ ਇਹ ਹੀ ਨਸ਼ਾ ਹੋਵੇਗਾ - ਅਸੀਂ ਬੱਚੇ, ਉਹ ਬਾਪ ਹੈ। ਬੇਹੱਦ ਦਾ ਬਾਪ ਤੇ ਅਸੀਂ ਬੱਚੇ ਬੈਠੇ ਹਾਂ। ਤੁਸੀਂ ਬੱਚੇ ਜਾਣਦੇ ਹੋ ਬਾਪ ਇਸ ਸ਼ਰੀਰ ਵਿੱਚ ਆਇਆ ਹੋਇਆ ਹੈ। ਦਿਵਿਆ ਦ੍ਰਿਸ਼ਟੀ ਦੇ ਰਹੇ ਹਨ, ਸਰਵਿਸ ਕਰ ਰਹੇ ਹਨ। ਤੇ ਉਸ ਇੱਕ ਨੂੰ ਹੀ ਯਾਦ ਕਰਨਾ ਚਾਹੀਦਾ ਹੈ। ਹੋਰ ਕਿਸੇ ਦੇ ਵੱਲ ਬੁੱਧੀ ਨਹੀਂ ਜਾਣੀ ਚਾਹੀਦੀ। ਸੰਦੇਸ਼ੀ ਪੂਰੀ ਰਿਪੋਰਟ ਦੇ ਸਕਦੀ ਹੈ - ਕਿਸ ਦੀ ਬੁੱਧੀ ਬਾਹਰ ਭਟਕਦੀ ਹੈ, ਕੌਣ ਕੀ ਕਰਦੇ ਹਨ, ਕਿਸ ਨੂੰ ਝੁਟਕਾ ਆਉਂਦਾ ਹੈ, ਸਾਰੀ ਗੱਲ ਦੱਸ ਸਕਦੀ ਹੈ ।

ਜੋ ਸਿਤਾਰੇ ਚੰਗੇ ਸਰਵਿਸੇਬਲ ਹਨ, ਉਨ੍ਹਾਂ ਨੂੰ ਹੀ ਵੇਖਦਾ ਰਹਿੰਦਾ ਹਾਂ। ਬਾਪ ਦਾ ਲਵ ਹੈ ਨਾ। ਸਥਾਪਨਾ ਵਿੱਚ ਮਦਦ ਕਰਦੇ ਹਨ। ਹੂਬਹੂ ਕਲਪ ਪਹਿਲੇ ਵਾਂਗ ਇਹ ਰਾਜਧਾਨੀ ਸਥਾਪਨ ਹੋ ਰਹੀ ਹੈ, ਕਈ ਵਾਰੀ ਹੋਈ ਹੈ। ਇਹ ਤਾਂ ਡਰਾਮਾ ਦਾ ਚੱਕਰ ਚਲਦਾ ਰਹਿੰਦਾ ਹੈ। ਇਸ ਵਿੱਚ ਫਿਕਰ ਦੀ ਵੀ ਕੋਈ ਗੱਲ ਨਹੀਂ ਰਹਿੰਦੀ। ਬਾਬਾ ਦੇ ਨਾਲ ਹਨ ਨਾ। ਤਾਂ ਸੰਗ ਦਾ ਰੰਗ ਲੱਗਦਾ ਹੈ। ਫਿਕਰ ਘੱਟ ਹੁੰਦੀ ਜਾਂਦੀ ਹੈ। ਇਹ ਤਾਂ ਡਰਾਮਾ ਬਣਿਆ ਹੋਇਆ ਹੈ। ਬਾਪ ਬੱਚਿਆਂ ਵਾਸਤੇ ਸਵਰਗ ਦੀ ਰਾਜਧਾਨੀ ਲੈ ਆਏ ਹਨ। ਸਿਰਫ ਕਹਿੰਦੇ ਹਨ ਮਿੱਠੇ - ਮਿੱਠੇ ਬੱਚਿਓ, ਪਤਿਤ ਤੋਂ ਪਾਵਨ ਬਣਨ ਦੇ ਲਈ ਬਾਪ ਨੂੰ ਯਾਦ ਕਰੋ। ਹੁਣ ਜਾਣਾ ਹੈ ਸਵੀਟ ਹੋਮ ਜਿਸ ਲਈ ਤੁਸੀਂ ਭਗਤੀ ਮਾਰਗ ਵਿੱਚ ਮੱਥਾ ਮਾਰਦੇ ਹੋ। ਪਰ ਇੱਕ ਵੀ ਜਾ ਨਹੀਂ ਸਕਦੇ। ਹੁਣ ਬਾਪ ਨੂੰ ਯਾਦ ਕਰਦੇ ਰਹੋ ਅਤੇ ਸਵਦਰ੍ਸ਼ਨ ਚੱਕਰ ਫਿਰਾਉਂਦੇ ਰਹੋ। ਅਲਫ਼ ਅਤੇ ਬੇ। ਬਾਪ ਨੂੰ ਯਾਦ ਕਰੋ ਅਤੇ 84 ਦਾ ਚੱਕਰ ਫਿਰਾਓ। ਆਤਮਾ ਨੂੰ 84 ਦੇ ਚੱਕਰ ਦਾ ਗਿਆਨ ਹੋਇਆ ਹੈ।

ਰਚਤਾ ਅਤੇ ਰਚਨਾ ਦੇ ਆਦਿ - ਮੱਧ - ਅੰਤ ਨੂੰ ਵੀ ਨਹੀਂ ਜਾਣਦੇ ਹਨ। ਤੁਸੀਂ ਜਾਣਦੇ ਹੋ ਸੋ ਵੀ ਨੰਬਰਵਾਰ ਪੁਰਸ਼ਾਰਥ ਅਨੁਸਾਰ। ਸਵੇਰ ਨੂੰ ਉੱਠ ਕੇ ਤੁਸੀਂ ਬੁੱਧੀ ਵਿੱਚ ਇਹ ਹੀ ਰੱਖੋ ਹੁਣ ਅਸੀਂ 84 ਦਾ ਚੱਕਰ ਪੂਰਾ ਕੀਤਾ ਹੈ - ਹੁਣ ਵਾਪਿਸ ਜਾਣਾ ਹੈ ਇਸ ਲਈ ਬਾਪ ਨੂੰ ਯਾਦ ਕਰਨਾ ਹੈ ਤਾਂ ਤੁਸੀਂ ਚੱਕਰਵਰਤੀ ਬਣੋਗੇ। ਇਹ ਤਾਂ ਸਹਿਜ ਹੈ ਨਾ ਪਰ ਮਾਇਆ ਤੁਹਾਨੂੰ ਭੁਲਾ ਦਿੰਦੀ ਹੈ। ਮਾਇਆ ਦੇ ਤੂਫ਼ਾਨ ਹਨ ਨਾ, ਉਹ ਦੀਪਕਾਂ ਨੂੰ ਹੈਰਾਨ ਕਰ ਦਿੰਦੇ ਹਨ। ਮਾਇਆ ਬੜੀ ਦੁਸੂਰ ਹੈ, ਇੰਨੀ ਸ਼ਕਤੀ ਹੈ ਜੋ ਬਚਿਆਂ ਨੂੰ ਭੁਲਾ ਦਿੰਦੀ ਹੈ। ਉਹ ਖੁਸ਼ੀ ਸਥਾਈ ਨਹੀਂ ਰਹਿੰਦੀ ਹੈ। ਤੁਸੀਂ ਬਾਪ ਨੂੰ ਯਾਦ ਕਰਨ ਬੈਠਦੇ ਹੋ, ਬੈਠੇ - ਬੈਠੇ ਬੁੱਧੀ ਹੋਰ ਵਲ ਚਲੀ ਜਾਂਦੀ ਹੈ। ਇਹ ਸਭ ਹੈ ਗੁਪਤ ਗੱਲਾਂ। ਕਿੰਨੀ ਵੀ ਕੋਸ਼ਿਸ਼ ਕਰਾਂਗੇ ਪਰ ਯਾਦ ਕਰ ਨਹੀਂ ਸਕਣਗੇ। ਫਿਰ ਕੋਈ ਦੀ ਬੁੱਧੀ ਭਟਕ - ਭਟਕ ਕੇ ਸਥਿਰ ਹੋ ਜਾਂਦੀ ਹੈ, ਕੋਈ ਫਟ ਨਾਲ ਸਥਿਰ ਹੋ ਜਾਂਦੇ ਹਨ, ਕੋਈ ਨਾਲ ਤਾਂ ਕਿੰਨਾ ਵੀ ਮੱਥਾ ਮਾਰੋ ਤਾਂ ਵੀ ਬੁੱਧੀ ਵਿੱਚ ਠਹਿਰਦਾ ਨਹੀਂ। ਇਸ ਨੂੰ ਮਾਇਆ ਦੀ ਯੁੱਧ ਕਿਹਾ ਜਾਂਦਾ ਹੈ। ਕਰਮ, ਅਕਰਮ ਬਣਾਉਣ ਦੇ ਲਈ ਕਿੰਨੀ ਮਿਹਨਤ ਕਰਨੀ ਪੈਂਦੀ ਹੈ। ਉੱਥੇ ਤਾਂ ਰਾਵਣ ਰਾਜ ਹੀ ਨਹੀਂ ਤਾਂ ਕਰਮ - ਵਿਕਰਮ ਵੀ ਨਹੀਂ ਹੁੰਦੇ। ਮਾਇਆ ਹੁੰਦੀ ਹੀ ਨਹੀਂ ਜੋ ਉਲਟਾ ਕਰਮ ਕਰਾਵੇ। ਰਾਵਣ ਅਤੇ ਰਾਮ ਦਾ ਖੇਲ ਹੈ। ਅੱਧਾ ਕਲਪ ਹੈ ਰਾਮ ਰਾਜ, ਅੱਧਾ ਕਲਪ ਹੈ ਰਾਵਣ ਰਾਜ। ਦਿਨ ਅਤੇ ਰਾਤ। ਸੰਗਮਯੁਗ ਤੇ ਸਿਰਫ ਬ੍ਰਾਹਮਣ ਹਨ। ਹੁਣ ਤੁਸੀਂ ਬ੍ਰਾਹਮਣ ਸਮਝਦੇ ਹੋ ਰਾਤ ਪੂਰੀ ਹੋ ਦਿਨ ਸ਼ੁਰੂ ਹੋਣਾ ਹੈ। ਉਹ ਸ਼ੂਦਰ ਵਰਨ ਵਾਲੇ ਥੋੜੀ ਹੀ ਸਮਝਦੇ ਹਨ।

ਮਨੁੱਖ ਤਾਂ ਬਹੁਤ ਅਵਾਜ ਨਾਲ ਭਗਤੀ ਆਦਿ ਦੇ ਗੀਤ ਗਾਉਂਦੇ ਹਨ। ਤੁਹਾਨੂੰ ਤਾਂ ਜਾਣਾ ਹੈ ਆਵਾਜ਼ ਤੋਂ ਪਰੇ। ਤੁਸੀਂ ਤਾਂ ਆਪਣੇ ਬਾਪ ਦੀ ਹੀ ਯਾਦ ਵਿੱਚ ਮਸਤ ਰਹਿੰਦੇ ਹੋ। ਆਤਮਾ ਨੂੰ ਗਿਆਨ ਦਾ ਤੀਜਾ ਨੇਤਰ ਮਿਲਿਆ ਹੈ। ਆਤਮਾ ਸਮਝਦੀ ਹੈ ਹੁਣ ਬਾਪ ਨੂੰ ਯਾਦ ਕਰਨਾ ਹੈ। ਭਗਤੀ ਮਾਰਗ ਵਿੱਚ ਸ਼ਿਵਬਾਬਾ - ਸ਼ਿਵਬਾਬਾ ਤਾਂ ਕਰਦੇ ਆਏ ਹਨ। ਸ਼ਿਵ ਦੇ ਮੰਦਿਰ ਵਿੱਚ ਸ਼ਿਵ ਨੂੰ ਬਾਬਾ ਜਰੂਰ ਕਹਿੰਦੇ ਹਨ। ਗਿਆਨ ਕੁਝ ਵੀ ਨਹੀਂ। ਹੁਣ ਤੁਹਾਨੂੰ ਗਿਆਨ ਮਿਲਿਆ ਹੈ। ਉਹ ਸ਼ਿਵਬਾਬਾ ਹੈ, ਉਨ੍ਹਾਂ ਦਾ ਇਹ ਚਿੱਤਰ ਹੈ, ਉਹ ਤਾਂ ਲਿੰਗ ਹੀ ਸਮਝਦੇ ਹਨ। ਹੁਣ ਤੁਹਾਨੂੰ ਤਾਂ ਗਿਆਨ ਮਿਲਿਆ ਹੈ। ਉਹ ਲਿੰਗ ਦੇ ਉੱਪਰ ਜਾ ਕੇ ਲੋਟਾ ਚੜ੍ਹਾਉਂਦੇ ਹਨ। ਹੁਣ ਬਾਪ ਤਾਂ ਹੈ ਨਿਰਾਕਾਰ। ਨਿਰਾਕਾਰ ਦੇ ਉੱਪਰ ਲੋਟਾ ਚੜ੍ਹਾਉਣਗੇ, ਉਹ ਕੀ ਕਰਨਗੇ! ਸਾਕਾਰ ਹੋਣ ਤਾਂ ਸਵੀਕਾਰ ਵੀ ਕਰਨ। ਨਿਰਾਕਾਰ ਤੇ ਦੁੱਧ ਆਦਿ ਚੜ੍ਹਾਉਣਗੇ ਉਹ ਕੀ ਕਰਨਗੇ! ਬਾਪ ਕਹਿੰਦੇ ਹਨ ਦੁੱਧ ਆਦਿ ਜੋ ਚੜ੍ਹਾਉਂਦੇ ਹਨ ਉਹ ਤੁਸੀਂ ਹੀ ਪੀਂਦੇ ਹੋ, ਭੋਗ ਆਦਿ ਵੀ ਤੁਸੀਂ ਹੀ ਖਾਂਦੇ ਹੋ। ਇੱਥੇ ਤਾਂ ਮੈ ਸਮੁੱਖ ਹਾਂ ਨਾ। ਅੱਗੇ ਇਨਡਾਇਰੈਕਟ ਕਰਦੇ ਸੀ, ਹੁਣ ਤਾਂ ਡਾਇਰੈਕਟ ਹੈ, ਥੱਲੇ ਆਕੇ ਪਾਰ੍ਹ ਵਜਾ ਰਹੇ ਹਨ। ਸਰਚ ਲਾਇਟ ਦੇ ਰਹੇ ਹਨ। ਬੱਚੇ ਸਮਝਦੇ ਹਨ ਮਧੂਬਨ ਵਿੱਚ ਬਾਬਾ ਦੇ ਕੋਲ ਜਰੂਰ ਆਉਣਾ ਚਾਹੀਦਾ ਹੈ। ਉੱਥੇ ਸਾਡੀ ਬੈਟਰੀ ਚੰਗੀ ਚਾਰਜ ਹੁੰਦੀ ਹੈ। ਘਰ ਵਿੱਚ ਤਾਂ ਗੋਰਖ ਧੰਦੇ ਆਦਿ ਵਿੱਚ ਅਸ਼ਾਂਤੀ ਹੀ ਅਸ਼ਾਂਤੀ ਲੱਗੀ ਹੋਈ ਹੈ। ਇਸ ਸਮੇ ਸਾਰੇ ਵਿਸ਼ਵ ਵਿੱਚ ਅਸ਼ਾਂਤੀ ਹੈ। ਤੁਸੀਂ ਜਾਣਦੇ ਹੋ ਹੁਣ ਅਸੀਂ ਸ਼ਾਂਤੀ ਸਥਾਪਨ ਕਰ ਰਹੇ ਹਾਂ ਯੋਗਬਲ ਨਾਲ। ਬਾਕੀ ਰਾਜਾਈ ਮਿਲਦੀ ਹੈ ਪੜ੍ਹਾਈ ਨਾਲ। ਕਲਪ ਪਹਿਲੇ ਵੀ ਤੁਸੀਂ ਇਹ ਸੁਣਿਆ ਸੀ, ਹੁਣ ਵੀ ਸੁਣਦੇ ਹੋ। ਜੋ ਕੁਝ ਐਕਟ ਹੁੰਦੀ ਹੈ ਫਿਰ ਵੀ ਹੋਏਗੀ। ਬਾਪ ਕਹਿੰਦੇ ਹਨ ਕਿੰਨੇ ਬੱਚੇ ਆਸ਼ਚਰਿਆਵਤ ਭਗੰਤੀ ਹੋ ਗਏ। ਮੈਨੂੰ ਮਾਸ਼ੂਕ ਨੂੰ ਇੰਨਾ ਯਾਦ ਕਰਦੇ ਸੀ। ਹੁਣ ਮੈਂ ਆਇਆ ਹਾਂ ਤਾਂ ਫਿਰ ਛੱਡ ਕੇ ਚਲੇ ਜਾਂਦੇ ਹਨ। ਮਾਇਆ ਕਿਵੇਂ ਥੱਪੜ ਲਗਾ ਦਿੰਦੀ ਹੈ। ਬਾਬਾ ਅਨੁਭਵੀ ਤਾਂ ਹੈ ਨਾ! ਬਾਬਾ ਨੂੰ ਆਪਣੀ ਸਾਰੀ ਹਿਸਟਰੀ ਯਾਦ ਹੈ। ਸਿਰ ਤੇ ਟੋਪੀ, ਨੰਗੇ ਪੈਰ ਦੋੜਦਾ ਸੀ... ਮੁਸਲਮਾਨ ਲੋਕ ਵੀ ਬਹੁਤ ਪਿਆਰ ਕਰਦੇ ਸੀ। ਬਹੁਤ ਖਾਤਿਰੀ ਕਰਦੇ ਸੀ। ਮਾਸਟਰ ਦਾ ਬੱਚਾ ਆਇਆ ਜਿਵੇਂ ਗੁਰੂ ਦਾ ਬੱਚਾ ਆਇਆ। ਬਾਜਰੀ ਦਾ ਢੋਢਾ ਖਿਲਾਉਂਦੇ ਸੀ। ਇੱਥੇ ਵੀ ਬਾਬਾ ਨੇ 15 ਦਿਨ ਪ੍ਰੋਗਰਾਮ ਦਿੱਤਾ ਸੀ ਢੋਢਾ ਅਤੇ ਛਾਛ ਖਾਉਣ ਦਾ। ਹੋਰ ਕੁੱਝ ਵੀ ਨਹੀਂ ਬਣਦਾ ਸੀ। ਬੀਮਾਰ ਆਦਿ ਸਭ ਦੇ ਲਈ ਇਹ ਹੀ ਬਣਦਾ ਸੀ। ਕਿਸੇ ਨੂੰ ਕੁੱਝ ਵੀ ਨਹੀਂ ਹੋਇਆ। ਸਗੋਂ ਹੀ ਬੀਮਾਰ ਬੱਚੇ ਤੰਦਰੁਸਤ ਹੋ ਗਏ। ਵੇਖਦੇ ਸੀ ਆਸਕਤੀ ਟੁੱਟੀ ਹੋਈ ਹੈ! ਇਹ ਨਹੀਂ ਹੋਣਾ ਚਾਹੀਦਾ ਜਾਂ ਇਹ ਹੋਣਾ ਚਾਹੀਦਾ। ਚਾਹਨਾ ਨੂੰ ਚੂੜਾ (ਜਮਾਦਾਰ) ਕਿਹਾ ਜਾਂਦਾ ਹੈ। ਇੱਥੇ ਤਾਂ ਬਾਪ ਕਹਿੰਦੇ ਹਨ ਮੰਗਣ ਤੋਂ ਮਰਨਾ ਭਲਾ। ਬਾਪ ਹੀ ਜਾਣਦੇ ਹਨ - ਬੱਚਿਆਂ ਨੂੰ ਕੀ ਦੇਣਾ ਹੈ। ਜੋ ਕੁਝ ਦੇਣਾ ਹੋਵੇਗਾ ਉਹ ਖੁਦ ਹੀ ਦੇਣਗੇ। ਇਹ ਸਭ ਡਰਾਮਾ ਬਣਿਆ ਹੋਇਆ ਹੈ।

ਬਾਬਾ ਨੇ ਤਾਂ ਪੁੱਛਿਆ ਸੀ ਨਾ ਬਾਪ ਨੂੰ ਜੋ ਬਾਪ ਵੀ ਸਮਝਦੇ ਹਨ ਅਤੇ ਬੱਚਾ ਵੀ ਸਮਝਦੇ ਹਨ, ਉਹ ਹੱਥ ਉਠਾਉਣ। ਤਾਂ ਸਭ ਨੇ ਹੱਥ ਉਠਾਇਆ। ਹੱਥ ਤਾਂ ਝੱਟ ਉਠਾ ਦਿੰਦੇ ਹਨ। ਜਿਵੇਂ ਬਾਬਾ ਪੁੱਛਦੇ ਹਨ ਲਕਸ਼ਮੀ - ਨਾਰਾਇਣ ਕੌਣ ਬਣਨਗੇ ? ਤਾਂ ਝੱਟ ਹੱਥ ਉਠਾਂਉਣਗੇ। ਇਹ ਪਾਰਲੌਕਿਕ ਬੱਚਾ ਵੀ ਜਰੂਰ ਐਡ ਕਰਦੇ ਹਨ, ਇਹ ਤਾਂ ਮਾਂ-ਬਾਪ ਦੀ ਬਹੁਤ ਸੇਵਾ ਕਰਦੇ ਹਨ। 21 ਜਨਮਾਂ ਦਾ ਵਰਸਾ ਦਿੰਦੇ ਹਨ। ਬਾਪ ਜਦ ਵਾਣਪ੍ਰਸਤ ਵਿੱਚ ਜਾਂਦੇ ਹਨ ਤਾਂ ਫਿਰ ਬੱਚਿਆਂ ਦਾ ਫਰਜ਼ ਹੈ ਬਾਪ ਦੀ ਸੰਭਾਲ ਕਰਨਾ। ਓਹ ਜਿਵੇਂ ਸੰਨਿਆਸੀ ਬਣ ਜਾਂਦੇ ਹਨ। ਜਿਵੇਂ ਇਨ੍ਹਾਂ ਦਾ ਲੌਕਿਕ ਬਾਪ ਸੀ, ਵਾਣਪ੍ਰਸਤ ਅਵਸਥਾ ਹੋਈ ਤਾਂ ਬੋਲੇ ਅਸੀਂ ਜਾਕੇ ਬਨਾਰਸ ਵਿੱਚ ਸਤਿਸੰਗ ਕਰਾਂਗੇ, ਸਾਨੂੰ ਉੱਥੇ ਲੈ ਚੱਲੋ। (ਹਿਸਟਰੀ ਸੁਣਾਉਣਾ) ਤੁਸੀਂ ਹੋ ਬ੍ਰਾਹਮਣ ਪ੍ਰਜਾਪਿਤਾ ਬ੍ਰਹਮਾਕੁਮਾਰ - ਕੁਮਾਰੀਆਂ। ਪ੍ਰਜਾਪਿਤਾ ਬ੍ਰਹਮਾ ਹੈ ਗ੍ਰੇਟ - ਗ੍ਰੇਟ ਗ੍ਰੈਂਡ ਫਾਦਰ। ਸਭ ਤੋਂ ਪਹਿਲਾ ਪੱਤਾ ਹੈ ਮਨੁੱਖ ਸ੍ਰਿਸ਼ਟੀ ਦਾ। ਇੰਨ੍ਹਾਂ ਨੂੰ ਗਿਆਨ ਸਾਗਰ ਨਹੀਂ ਕਿਹਾ ਜਾਂਦਾ। ਨਾ ਬ੍ਰਹਮਾ - ਵਿਸ਼ਨੂੰ - ਸ਼ੰਕਰ ਹੀ ਗਿਆਨ ਦੇ ਸਾਗਰ ਹਨ। ਸ਼ਿਵਬਾਬਾ ਉਹ ਹੈ ਬੇਹੱਦ ਦਾ ਬਾਪ, ਤਾਂ ਉਨ੍ਹਾਂ ਤੋਂ ਵਰਸਾ ਮਿਲਣਾ ਚਾਹੀਦਾ ਹੈ ਨਾ। ਉਹ ਨਿਰਾਕਾਰ ਪਰਮਪਿਤਾ ਪਰਮਾਤਮਾ ਕਦੋਂ, ਕਿਵੇਂ ਆਏ, ਉਨ੍ਹਾਂ ਦੀ ਜਯੰਤੀ ਮਨਾਉਂਦੇ ਹਨ। ਇਹ ਕਿਸੇ ਨੂੰ ਪਤਾ ਨਹੀਂ। ਇਹ ਤਾਂ ਗਰਭ ਵਿੱਚ ਨਹੀਂ ਆਉਂਦੇ ਹਨ। ਸਮਝਾਉਂਦੇ ਹਨ ਮੈਂ ਇਨ੍ਹਾਂ ਵਿੱਚ ਪ੍ਰਵੇਸ਼ ਕਰਦਾ ਹਾਂ, ਬਹੁਤ ਜਨਮਾਂ ਦੇ ਅੰਤ ਵਿੱਚ ਵਾਣਪ੍ਰਸਤ ਅਵਸਥਾ ਵਿੱਚ। ਮਨੁੱਖ ਜਦ ਸੰਨਿਆਸ ਕਰਦੇ ਹਨ ਤਾਂ ਉਨ੍ਹਾਂ ਦੀ ਵਾਣਪ੍ਰਸਤ ਅਵਸਥਾ ਕਹੀ ਜਾਂਦੀ ਹੈ। ਤਾਂ ਹੁਣ ਬਾਪ ਤੁਹਾਨੂੰ ਕਹਿੰਦੇ ਹਨ - ਬੱਚੇ, ਤੁਸੀਂ 84 ਜਨਮ ਲਏ, ਇਹ ਹੈ ਬਹੁਤ ਜਨਮਾਂ ਦੇ ਅੰਤ ਦਾ ਜਨਮ। ਹਿਸਾਬ ਤਾਂ ਜਾਣਦੇ ਹੋ ਨਾ। ਤਾਂ ਮੈ

ਇਹਨਾਂ ਵਿੱਚ ਪ੍ਰਵੇਸ਼ ਕਰਦਾ ਹਾਂ। ਕਿੱਥੇ ਆਕੇ ਬੈਠਦਾ ਹਾਂ, ਇਨ੍ਹਾਂ ਦੀ ਆਤਮਾ ਜਿੱਥੇ ਬੈਠੀ ਹੈ, ਉਨ੍ਹਾਂ ਦੇ ਬਾਜੂ ਵਿੱਚ ਆਕੇ ਬੈਠਦਾ ਹਾਂ। ਜਿਵੇਂ ਗੁਰੂ ਲੋਕ ਆਪਣੇ ਸ਼ਿਸ਼ੇ ਨੂੰ ਬਾਜੂ ਵਿੱਚ ਆਪਣੀ ਗੱਦੀ ਤੇ ਬਿਠਾਉਂਦੇ ਹਨ। ਇਨ੍ਹਾਂ ਦਾ ਵੀ ਸਥਾਨ ਇੱਥੇ ਹੈ, ਮੇਰਾ ਵੀ ਇੱਥੇ ਹੈ। ਕਹਿੰਦਾ ਹਾਂ ਹੇ ਅਤਮਾਉਂ, ਮਾਮੇਕਮ ਯਾਦ ਕਰੋ ਤਾਂ ਪਾਪ ਵਿਨਾਸ਼ ਹੋ ਜਾਣਗੇ। ਮਨੁੱਖ ਤੋਂ ਦੇਵਤਾ ਬਣਨਾ ਹੈ ਨਾ। ਇਹ ਹੈ ਰਾਜਯੋਗ। ਨਵੀ ਦੁਨੀਆ ਦੇ ਲਈ ਜਰੂਰ ਰਾਜਯੋਗ ਚਾਹੀਦਾ ਹੈ। ਬਾਪ ਕਹਿੰਦੇ ਹਨ ਮੈਂ ਆਇਆ ਹਾਂ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦਾ ਫਾਉਂਡੇਸ਼ਨ ਲਗਾਉਣ। ਗੁਰੂ ਲੋਕ ਅਨੇਕ ਹਨ, ਸਤਿਗੁਰੂ ਇੱਕ ਹੈ, ਉਹ ਹੀ ਸੱਤ ਹੈ। ਬਾਕੀ ਤਾਂ ਸਭ ਝੂਠ ਹੈ।

ਤੁਸੀਂ ਜਾਣਦੇ ਹੋ ਇੱਕ ਹੈ ਰੁਦ੍ਰ ਮਾਲਾ, ਦੂਜੀ ਹੈ ਵੈਜੰਤੀ ਮਾਲਾ ਵਿਸ਼ਨੂੰ ਦੀ। ਉਸਦੇ ਲਈ ਤੁਸੀਂ ਪੁਰਸ਼ਾਰਥ ਕਰਦੇ ਹੋ, ਬਾਪ ਨੂੰ ਯਾਦ ਕਰੋ ਤਾਂ ਮਾਲਾ ਦਾ ਦਾਣਾ ਬਣੋਗੇ। ਜਿਸ ਮਾਲਾ ਦੀ ਤੁਸੀਂ ਭਗਤੀ ਮਾਰਗ ਵਿੱਚ ਸਿਮਰਨ ਕਰਦੇ ਹੋ ਪਰ ਜਾਣਦੇ ਨਹੀਂ ਹੋ ਕਿ ਇਹ ਮਾਲਾ ਕਿਸ ਦੀ ਹੈ, ਉੱਪਰ ਵਿੱਚ ਫੁੱਲ ਕੌਣ ਹੈ, ਫਿਰ ਮੇਰੂ ਕੀ ਹੈ, ਦਾਣੇ ਕੌਣ ਹੈ? ਜਿਸ ਦੀ ਮਾਲਾ ਫੇਰਦੇ ਹਾਂ, ਸਮਝਦੇ ਕੁਝ ਨਹੀਂ। ਇਵੇਂ ਹੀ ਰਾਮ - ਰਾਮ ਕਹਿੰਦੇ ਮਾਲਾ ਫੇਰਦੇ ਰਹਿੰਦੇ ਹਨ। ਰਾਮ - ਰਾਮ ਕਹਿਣ ਨਾਲ ਸਮਝਦੇ ਹਨ ਸਭ ਰਾਮ ਹੀ ਰਾਮ ਹੈ। ਸਰਵਵਿਆਪੀ ਦੀ ਗੱਲ ਦਾ ਹਨ੍ਹੇਰਾ ਇਸ ਤੋਂ ਨਿਕਲਿਆ ਹੈ। ਮਾਲਾ ਦਾ ਅਰਥ ਹੀ ਨਹੀਂ ਜਾਣਦੇ। ਕੋਈ ਕਹਿੰਦੇ 100 ਮਾਲਾ ਫੇਰੋ… ਇੰਨੀ ਮਾਲਾ ਫੇਰੋ। ਬਾਪ ਤਾਂ ਅਨੁਭਵੀ ਹੈ ਨਾ। 12 ਗੁਰੂ ਕੀਤੇ, 12 ਦਾ ਅਨੁਭਵ ਲਿਆ। ਇਵੇਂ ਵੀ ਬਹੁਤ ਹੁੰਦੇ ਹਨ, ਆਪਣਾ ਗੁਰੂ ਹੁੰਦੇ ਹੋਏ ਵੀ ਫਿਰ ਹੋਰਾਂ ਦੇ ਕੋਲ ਚਲੇ ਜਾਂਦੇ ਹਨ ਕਿ ਕੁਝ ਅਨੁਭਵ ਮਿਲ ਜਾਵੇ। ਮਾਲਾ ਆਦਿ ਫੇਰਦੇ ਹਨ। ਹੈ ਬਿਲਕੁਲ ਅੰਧ ਸ਼ਰਧਾ। ਮਾਲਾ ਪੂਰੀ ਕਰ ਫੁੱਲ ਨੂੰ ਨਮਸਕਾਰ ਕਰਦੇ ਹਨ। ਸ਼ਿਵਬਾਬਾ ਫੁੱਲ ਹਨ ਨਾ। ਮਾਲਾ ਦੇ ਦਾਣੇ ਤੁਸੀਂ ਅਨੰਨਯ ਬਚੇ ਬਣਦੇ ਹੋ। ਤੁਹਾਡਾ ਫਿਰ ਸਿਮਰਨ ਚਲਦਾ ਹੈ। ਉਨ੍ਹਾਂ ਨੂੰ ਕੁਝ ਵੀ ਪਤਾ ਨਹੀਂ। ਉਹ ਤਾਂ ਕੋਈ ਰਾਮ ਕਹਿੰਦੇ, ਕੋਈ ਕ੍ਰਿਸ਼ਨ ਨੂੰ ਯਾਦ ਕਰਦੇ, ਅਰਥ ਕੁਝ ਵੀ ਨਹੀਂ ਸਮਝਦੇ। ਸ਼੍ਰੀਕ੍ਰਿਸ਼ਨ ਸ਼ਰਨਮ ਕਹਿ ਦਿੰਦੇ। ਹੁਣ ਉਹ ਤਾਂ ਸਤਿਯੁਗ ਦਾ ਪ੍ਰਿੰਸ ਸੀ। ਉਨ੍ਹਾਂ ਦੀ ਸ਼ਰਨ ਕਿਵੇਂ ਲੈਣਗੇ। ਸ਼ਰਨ ਤਾਂ ਬਾਪ ਦੀ ਲਈ ਜਾਂਦੀ ਹੈ। ਤੁਸੀਂ ਹੀ ਪੁਜੀਏ ਫਿਰ ਪੁਜਾਰੀ ਬਣਦੇ ਹੋ। 84 ਜਨਮ ਲੈ ਪਤਿਤ ਬਣੇ ਹੋ ਤਾਂ ਸ਼ਿਵਬਾਬਾ ਨੂੰ ਕਹਿੰਦੇ ਹਨ ਹੇ ਫੁੱਲ, ਸਾਨੂੰ ਵੀ ਆਪ ਸਮਾਨ ਬਣਾਓ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਕਿਸੇ ਵੀ ਪ੍ਰਕਾਰ ਦੀ ਚਾਹੁੰਨਾ ਨਹੀਂ ਰੱਖਣੀ ਹੈ। ਅਸਕਤੀ ਖਤਮ ਕਰ ਦੇਣੀ ਹੈ। ਬਾਬਾ ਜੋ ਖਿਲਾਏ… ਤੁਹਾਨੂੰ ਡਾਇਰੈਕਸ਼ਨ ਹੈ, ਮੰਗਣ ਨਾਲੋਂ ਮਰਨਾ ਭਲਾ।

2. ਬਾਪ ਦੀ ਸਰਚ ਲਾਈਟ ਦੇ ਲਈ ਇੱਕ ਬਾਪ ਨਾਲ ਸੱਚਾ ਲਵ ਰੱਖਣਾ ਹੈ। ਬੁੱਧੀ ਵਿਚ ਨਸ਼ਾ ਰਹੇ ਕਿ ਅਸੀਂ ਬੱਚੇ ਹਾਂ ਉਹ ਬਾਪ ਹੈ। ਉਨ੍ਹਾਂ ਦੀ ਸਰਚ ਲਾਈਟ ਨਾਲ ਸਾਨੂੰ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣਨਾ ਹੈ।

ਵਰਦਾਨ:- ਰਹਿਮ ਦੀ ਭਾਵਨਾ ਦੁਆਰਾ ਨਿਮਿਤ ਭਾਵ ਨਾਲ ਸੇਵਾ ਕਰਨ ਵਾਲੇ ਸਰਵ ਲਗਾਵ ਮੁਕਤ ਭਵ

ਵਰਤਮਾਨ ਸਮੇਂ ਜਦੋਂ ਸਭ ਆਤਮਾਵਾਂ ਥੱਕ ਕੇ ਨਿਰਾਸ਼ ਹੋ ਮਰਸੀ ਮੰਗਦੀਆਂ ਹਨ। ਤਾਂ ਤੁਸੀ ਦਾਤਾ ਦੇ ਬੱਚੇ ਆਪਣੇ ਭਾਈ - ਭੈਣਾਂ ਤੇ ਰਹਿਮਦਿਲ ਬਣੋ। ਕੋਈ ਕਿੰਨਾਂ ਵੀ ਬੁਰਾ ਹੋਵੇ, ਉਸ ਦੇ ਪ੍ਰਤੀ ਵੀ ਰਹਿਮ ਦੀ ਭਾਵਨਾ ਹੋਵੇ ਤਾਂ ਕਦੇ ਘ੍ਰਿਣਾ, ਈਰਖਾ ਜਾਂ ਕ੍ਰੋਧ ਦੀ ਭਾਵਨਾ ਨਹੀਂ ਆਵੇਗੀ। ਰਹਿਮ ਦੀ ਭਾਵਨ ਸਹਿਜ ਨਿਮਿਤ ਭਾਵ ਇਮ੍ਰਜ਼ ਕਰ ਦਿੰਦੀ ਹੈ, ਲਗਾਵ ਨਾਲ ਰਹਿਮ ਨਹੀਂ ਲੇਕਿਨ ਸੱਚਾ ਰਹਿਮ ਲਗਾਵ ਮੁਕਤ ਬਣਾ ਦਿੰਦਾ ਹੈ ਕਿਉਂਕਿ ਉਸ ਵਿਚ ਦੇਹ ਭਾਨ ਨਹੀਂ ਹੁੰਦਾ।

ਸਲੋਗਨ:- ਦੂਜਿਆਂ ਨੂੰ ਸਹਿਯੋਗ ਦੇਣਾ ਹੀ ਖੁਦ ਦੇ ਖਾਤੇ ਜਮਾ ਕਰਨਾ ਹੈ।

******